## ਸ਼ੇਖ ਫ਼ਰੀਦ - ਸਬਦ ੬੨

ਫਰੀਦਾ ਜਿਨ੍ਹੀ ਕੰਮੀ ਨਾਹਿ ਗੁਣ ਤੇ ਕੰਮੜੇ ਵਿਸਾਰਿ ॥

ਸਲੋਕ, ਸੇਖ ਫਰੀਦ, ਗੁਰੂ ਗ੍ਰੰਥ ਸਾਹਿਬ, ੧੩੮੧

ਫਰੀਦਾ ਜਿਨ੍ਹੀ ਕੰਮੀ ਨਾਹਿ ਗੁਣ ਤੇ ਕੰਮੜੇ ਵਿਸਾਰਿ ॥
ਮਤੁ ਸਰਮਿੰਦਾ ਥੀਵਹੀ ਸਾਂਈ ਦੈ ਦਰਬਾਰਿ ॥੫੯॥

ਸਾਰ: ਸਮੁੰਦਰ ਦੀ ਭਾਲ ਵਿਚ ਵਹਿੰਦੇ ਦਰਿਆ ਦੀ ਤਰ੍ਹਾਂ, ਸਾਡੇ ਉਦਮ ਵੀ ਵੱਡੀ ਏਕਤਾ ਵੱਲ ਵਹਿੰਦੇ ਹਨ। ਪਰ ਹਰ ਉਦਮ ਸਾਨੂੰ ਸਪਸ਼ਟਤਾ ਵੱਲ ਨਹੀਂ ਲੈ ਜਾਂਦਾ; ਕੁਝ ਤਾਂ ਸਿਰਫ਼ ਪਾਣੀ ਵਿਚ ਹਲਚਲ ਪੈਦਾ ਕਰ ਉਸਨੂੰ ਘਸਮੈਲਾ ਹੀ ਕਰ ਦਿੰਦੇ ਹਨ। ਸਾਡੇ ਯਤਨ ਬਹੁਤ ਮੁੱਲਵਾਨ ਹੁੰਦੇ ਹਨ, ਅਤੇ ਅਸੀਂ ਉਨ੍ਹਾਂ ਨੂੰ ਜਿਵੇਂ ਸੇਧਿਤ ਕਰਦੇ ਹਾਂ ਉਹ ਸਾਡੇ ਅੰਤਰੀਵੀ ਧਰਾਤਲ ਨੂੰ ਉਸੇ ਰੂਪ ਵਿਚ ਅਕਾਰ ਦਿੰਦੇ ਹਨ। ਜਦੋਂ ਸਾਡੇ ਕਰਮ ਸਾਡੀ ਜਾਗਰੂਕਤਾ ਨੂੰ ਉੱਚਾ ਚੁਕਦੇ ਹਨ, ਤਾਂ ਉਹ ਸਾਨੂੰ ਇਕ ਅਜੇਹੀ ਲਹਿਰ ਨਾਲ ਜੋੜਦੇ ਹਨ ਜੋ ਨਿੱਜੀ ਲਾਭ ਤੋਂ ਪਰੇ ਹੁੰਦੀ ਹੈ। ਜਦੋਂ ਅਸੀਂ ਸਪਸ਼ਟਤਾ ਲਿਆਉਣ ਵਾਲੇ ਨਾ ਕਿ ਬਿਖੇੜਣ ਵਾਲੇ ਕਾਰਜਾਂ ਦੀ ਚੋਣ ਕਰਦੇ ਹਾਂ ਤਾਂ ਅਸੀਂ ਸਦਭਾਵਨਾ ਦੇ ਰਾਹ ਦੇ ਪਾਂਧੀ ਹੋ ਜਾਂਦੇ ਹਾਂ ਜੋ ਆਪਣੇ ਆਪ ਅਤੇ ਵੱਡੇ ਸਮੂਹ ਦੋਹਾਂ ਨੂੰ ਆਪਣੇ ਕਲਾਵੇ ਵਿਚ ਲੈਂਦਾ ਹੈ।

ਫਰੀਦਾ ਜਿਨ੍ਹੀ ਕੰਮੀ ਨਾਹਿ ਗੁਣ ਤੇ ਕੰਮੜੇ ਵਿਸਾਰਿ ॥
ਫਰੀਦ ਕਹਿੰਦੇ ਹਨ ਕਿ ਉਹ ਕਰਮ ਜਿਨ੍ਹਾਂ ਵਿਚ ਕੋਈ ਗੁਣ ਨਹੀਂ, ਅਜਿਹੇ ਬੇਲੋੜੇ ਕਰਮਾਂ ਨੂੰ ਛੱਡ ਦੇਣਾ ਚਾਹੀਦਾ ਹੈ। ਇਸ ਤੋਂ ਭਾਵ ਹੈ ਕਿ ਉਹ ਕਰਮ ਜੋ ਵਿਸ਼ਵ-ਵਿਆਪੀ ਇਕਸੁਰਤਾ ਵਿਚ ਸਪਸ਼ਟਤਾ ਲਿਆਉਣ ਵਿਚ ਯੋਗਦਾਨ ਨਹੀਂ ਪਾਉਂਦੇ ਉਹ ਨਿਰਾਰਥਕ ਹਨ।

ਮਤੁ ਸਰਮਿੰਦਾ ਥੀਵਹੀ ਸਾਂਈ ਦੈ ਦਰਬਾਰਿ ॥੫੯॥
ਤਾਂ ਜੋ ਆਪਣੀ ਸਰਬ-ਵਿਆਪਕ ਸੰਗੀ-ਸਾਥੀ, ਅੰਤਹਕਰਣ ਦੀ ਹਾਜ਼ਰਤਾ ਵਿਚ ਸ਼ਰਮਿੰਦੇ ਨਾ ਹੋਣਾ ਪਵੇ। ਇਹ ਭਾਵ ਪੂਰਨ ਸੱਚ ਦੀ ਅਵਸਥਾ ਦਾ ਪ੍ਰਤੀਕ ਹੈ, ਜੋ ਸਾਨੂੰ ਭਰਮ ਰਹਿਤ ਹੋ ਕੇ ਆਪਣੀਆਂ ਚੋਣਾਂ ਉੱਤੇ ਅੰਤਰੀਵੀ ਮੰਥਨ ਕਰਨ ਦੀ ਸਮਰਥਾ ਦਿੰਦਾ ਹੈ। (੫੯)

ਤੱਤ: ਸ਼ੇਖ ਫ਼ਰੀਦ ਵਰਣਨ ਕਰਦੇ ਕਿ ਪੂਰਨ ਸੱਚ ਕਿਸੇ ਪ੍ਰਾਥਮਿਕਤਾ ਜਾਂ ਡਰ ਤੋਂ ਨਿਰਲੇਪ ਰਹਿੰਦਾ ਹੈ। ਜਦੋਂ ਸਾਡਾ ਧਿਆਨ ਇਸ ਸੱਚਾਈ 'ਤੇ ਟਿਕ ਜਾਂਦਾ ਹੈ, ਤਾਂ ਆਤਮ ਪੜਚੋਲ ਸਪਸ਼ਟ ਅਤੇ ਦਿਖਾਵਾ ਰਹਿਤ ਹੋ ਜਾਂਦੀ ਹੈ। ਅਸੀਂ ਆਪਣੀਆਂ ਚੋਣਾਂ ਨੂੰ ਜਾਇਜ਼ ਠਹਿਰਾਉਣ ਜਾਂ ਇਨ੍ਹਾਂ ਤੋ ਇਨਕਾਰੀ ਹੋਣ ਵਾਲੀ ਧੁੰਦਲੀ ਦਿੱਖ ਤੋਂ ਮੁਕਤ ਕਰ ਸਕਦੇ ਹਾਂ। ਭਰਮ ਆਪਣੀ ਪਕੜ ਢਿੱਲੀ ਕਰ ਦਿੰਦਾ ਹੈ, ਕਿਉਂਕਿ ਇਸ ਅਵਸਥਾ ਵਿਚ ਬਚਾਅ ਜਾਂ ਵਧਾ-ਚੜ੍ਹਾ ਕੇ ਦਿਖਾਉਣ ਵਾਲੀ ਕਿਸੇ ਵੀ ਮਨੋਬਿਰਤੀ ਦੀ ਲੋੜ ਨਹੀਂ ਰਹਿੰਦੀ। ਇਸ ਸਹਿਜਤਾ ਵਿਚ, ਅਸੁਖਾਵੇਂ ਅਨੁਭਵ ਵੀ ਡਰ ਦੀ ਥਾਂ ਸਿਖਿਆਮਈ ਮਹਿਸੂਸ ਹੁੰਦੇ ਹਨ। । ਇਸ ਮਜ਼ਬੂਤ ਅਧਾਰ ਤੋਂ ਬਿਬੇਕ ਦਾ ਉਦਭਵ ਕੁਦਰਤੀ ਤੌਰ 'ਤੇ ਹੁੰਦਾ ਹੈ, ਜੋ ਸਾਡੇ ਕਰਮਾਂ ਦੀ ਰਾਹਨੁਮਾਈ ਅਡੋਲ ਸਚਾਈ ਅਤੇ ਇਮਾਨਦਾਰੀ ਨਾਲ ਕਰਦਾ ਹੈ।

---


ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**

ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**